ਬਾ-ਅਦਾਲਤ ਸ੍ਰੀ ਦਰਸ਼ਨ ਸਿੰਘ ਗਿੱਲ, ਪੀ.ਸੀ.ਐਸ.-1, ਸੰਯੁਕਤ ਰਜਿਸਟਰਾਰ (ਐਪੀਲਾਂਟ ਅਥਾਰਟੀ), ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

## ਆਰ.ਟੀ.ਆਈ.ਅਪੀਲ

ਕੁਲਦੀਪ ਸਿੰਘ ਪੁੱਤਰ ਹਰਬੰਸ ਸਿੰਘ ਮਾਰਫਤ ਭਾਰਤੀ ਟਰੇਡ ਯੂਨੀਅਨ ਕਾਂਗਰਸ (ਰਜਿ:), ਹਰਦੋਰਵਾਲ ਖੁਰਦ, ਤਹਿ: ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ।

.........ਪਹਿਲੀ ਧਿਰ........

## ਬਨਾਮ

1. ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਅੰਮ੍ਰਿਤਸਰ।
2. ਸਹਾਇਕ ਰਜਿਸਟਰਾਰ (ਸਹਾਇਕ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਅੰਮ੍ਰਿਤਸਰ-1.

..........ਦੂਜੀ ਧਿਰ..........

ਰਾਈਟ ਟੂ ਇਨਫਰਮੇਸ਼ਨ ਐਕਟ - 2005 ਰੂਲ 9 ਤਹਿਤ ਦਾਇਰ ਕੀਤੀ ਗਈ ਅਪੀਲ।

ਹਾਜ਼ਰ :

1. ਸ੍ਰੀ ਭੁਪਿੰਦਰ ਸਿੰਘ, ਸਟੈਨੋ ਟਾਈਪਿਸਟ ਦਫਤਰ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਅੰਮ੍ਰਿਤਸਰ।
2. ਸ੍ਰੀ ਗੁਰਮੇਲ ਸਿੰਘ, ਕਲਰਕ ਦਫਤਰ ਸਹਾਇਕ ਰਜਿਸਟਰਾਰ (ਸਹਾਇਕ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਅੰਮ੍ਰਿਤਸਰ-1.

ਹੁਕਮ :

ਮਿਸਲ ਸੁਣਵਾਈ ਲਈ ਪੇਸ਼ ਹੋਈ। ਅਪੀਲਕਰਤਾ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਦਰਖਾਸਤ ਮਿਤੀ : 22.04.2017 ਰਾਹੀਂ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਅੰਮ੍ਰਿਤਸਰ ਪਾਸੋਂ ਮੰਗੀ ਗਈ ਸੂਚਨਾ ਉਸਨੂੰ ਨਾ ਮਿਲਣ ਕਾਰਨ ਇਸ ਅਦਾਲਤ ਵਿੱਚ ਅਪੀਲ ਦਾਇਰ ਕੀਤੀ ਗਈ। ਇਸ ਅਪੀਲ ਦੀ ਸੁਣਵਾਈ ਵਾਸਤੇ ਦੋਵਾਂ ਧਿਰਾਂ ਨੂੰ ਨੋਟਿਸ ਜਾਰੀ ਕੀਤੇ ਗਏ ਅਤੇ ਵੱਖ-ਵੱਖ ਮਿਤੀਆ ਨੂੰ ਇਸ ਅਪੀਲ ਦੀ ਸੁਣਵਾਈ ਕੀਤੀ ਗਈ।

ਮਿਤੀ : 31.10.2017 ਨੂੰ ਅਪੀਲ ਦੀ ਸੁਣਵਾਈ ਦੌਰਾਨ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਅੰਮ੍ਰਿਤਸਰ ਨੂੰ ਹਦਾਇਤ ਕੀਤੀ ਗਈ ਕਿ ਅਪੀਲ ਦੀ ਸੁਣਵਾਈ ਦੀ ਅਗਲੀ ਮਿਤੀ : 07.11.2017 ਨੂੰ ਰੀਕਾਰਡ ਪੇਸ਼ ਕੀਤਾ ਜਾਵੇ ਕਿ ਅਪੀਲਕਰਤਾ ਨੂੰ ਕਿਹੜੀ ਸੂਚਨਾ ਮੁਹੱਈਆ ਕਰਵਾਈ ਜਾ ਚੁੱਕੀ ਹੈ ਅਤੇ ਕਿਹੜੀ ਸੂਚਨਾ ਉਸਨੂੰ ਸਪਲਾਈ ਕਰਨ ਤੋਂ ਰਹਿੰਦੀ ਹੈ। ਅਪੀਲਕਰਤਾ ਨੂੰ ਜੋ ਸੂਚਨਾ ਸਪਲਾਈ ਨਹੀਂ ਕੀਤੀ ਗਈ ਹੈ, ਉਸ

ਬਾਰੇ ਵੀ ਅਗਲੀ ਮਿਤੀ ਤੇ ਜਵਾਬ ਪੇਸ਼ ਕਰਨ ਲਈ ਕਿਹਾ ਗਿਆ। ਮਿਤੀ : 17.10.2017, 31.10.2017 ਅਤੇ 07.11.2017 ਨੂੰ ਅਪੀਲ ਦੀ ਸੁਣਵਾਈ ਦੌਰਾਨ ਅਪੀਲਕਰਤਾ ਹਾਜਰ ਨਹੀਂ ਆਇਆ।

ਮਿਤੀ : 07.11.2017 ਨੂੰ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਅੰਮ੍ਰਿਤਸਰ ਦਫਤਰ ਵਲੋਂ ਹਾਜਰ ਆਏ ਸ੍ਰੀ ਭੁਪਿੰਦਰ ਸਿੰਘ, ਸਟੈਨੋ ਟਾਈਪਿਸਟ ਵਲੋਂ ਮਿਤੀ : 31.10.2017 ਨੂੰ ਕੀਤੇ ਹੁੱਕਮਾਂ ਅਨੁਸਾਰ ਮੰਗੀ ਗਈ ਸੂਚਨਾ ਤਿਆਰ ਨਾ ਹੋਣ ਕਾਰਨ ਅਗਲੀ ਮਿਤੀ ਦੇਣ ਵਾਸਤੇ ਬੇਨਤੀ ਕੀਤੀ ਗਈ। ਕਰਮਚਾਰੀ ਵਲੋਂ ਕੀਤੀ ਗਈ ਬੇਨਤੀ ਨੂੰ ਮੁੱਖ ਰੱਖਦੇ ਹੋਏ ਅਪੀਲ ਦੀ ਸੁਣਵਾਈ ਦੀ ਅਗਲੀ ਮਿਤੀ : 14.11.2017 ਰੱਖੀ ਗਈ।

ਮਿਤੀ : 14.11.2017 ਨੂੰ ਅਪੀਲ ਦੀ ਸੁਣਵਾਈ ਦੌਰਾਨ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫ਼ਸਰ), ਸਹਿਕਾਰੀ ਸਭਾਵਾਂ, ਅੰਮ੍ਰਿਤਸਰ ਦਫਤਰ ਵਲੋਂ ਹਾਜਰ ਆਏ ਸ੍ਰੀ ਭੁਪਿੰਦਰ ਸਿੰਘ, ਸਟੈਨੋ ਟਾਈਪਿਸਟ ਵਲੋਂ ਜਵਾਬ ਪੇਸ਼ ਕੀਤਾ ਗਿਆ। ਜਵਾਬ ਅਨੁਸਾਰ ਦੀ ਰੋਹਤਕ ਡਿਸਟ੍ਰਿਕਟ ਟਰਾਂਸਪੋਰਟ ਸਹਿਕਾਰੀ ਸਭਾ ਸੂਚਨਾ ਦੇ ਅਧਿਕਾਰ-2005 ਦੇ ਸੈਕਸ਼ਨ 2 (ਐਚ) ਅਧੀਨ ਕਵਰ ਨਹੀਂ ਹੁੰਦੀ। ਇਹ ਸਭਾ ਖੁੱਦ ਮੁਖਤਿਆਰ ਸਹਿਕਾਰੀ ਸਭਾ ਹੈ, ਜੋ ਕਿ ਪੰਜਾਬ ਸਹਿਕਾਰੀ ਸਭਾਵਾਂ ਐਕਟ 1961 ਅਧੀਨ ਰਜਿਸਟਰਡ ਹੈ ਅਤੇ ਸਭਾ ਵਿੱਚ ਕੋਈ ਸਰਕਾਰੀ ਫੰਡ ਨਹੀਂ ਹੈ। ਇਸ ਤੋਂ ਇਲਾਵਾ ਜਵਾਬ ਵਿੱਚ ਪੰਚਮ ਹਾਊਸ ਬਿਲਡਿੰਗ ਸਹਿਕਾਰੀ ਸਭਾ ਦੇ ਸਬੰਧ ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਟ ਵਲੋਂ ਐਲ.ਪੀ.ਏ.ਨੰ : 1210 ਆਫ 2011 ਅਤੇ ਐਲ.ਪੀ.ਐਚ.ਨੰ : 1521 ਆਫ 2011 ਅਤੇ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵਲੋਂ ਸਿਵਲ ਅਪੀਲ ਨੰਬਰ 9017 ਆਫ 2017 - ਥਲੱਪੰਮ ਸਹਿਕਾਰੀ ਬੈਂਕ ਲਿਮ: ਅਤੇ ਹੋਰ ਬਨਾਮ ਸਟੇਟ ਆਫ ਕੇਰਲਾ ਦੇ ਸਬੰਧ ਵਿੱਚ ਮਾਨਯੋਗ ਅਦਾਲਤ ਵਲੋਂ ਮਿਤੀ : 15.10.2013 ਨੂੰ ਦਿੱਤੇ ਗਏ ਫੈਸਲੇ ਦਾ ਹਵਾਲਾ ਦਿੰਦੇ ਹੋਏ ਲਿਖਿਆ ਗਿਆ ਹੈ ਕਿ ਸਹਿਕਾਰੀ ਸਭਾਵਾਂ ਸੂਚਨਾ ਦੇ ਅਧਿਕਾਰ-2005 ਦੇ ਦਾਇਰੇ ਵਿੱਚ ਨਹੀਂ ਆਉਂਦੀਆਂ ਅਤੇ ਸਹਿਕਾਰੀ ਸਭਾਵਾਂ ਉਪਰ ਸਰਕਾਰ ਦਾ ਸਿੱਧਾ ਜਾਂ ਅਸਿੱਧਾ ਨਿਯੰਤਰਣ ਨਹੀਂ ਹੈ। ਇਸ ਲਈ ਦੀ ਰੋਹਤਕ ਡਿਸਟ੍ਰਿਕਟ ਟਰਾਂਸਪੋਰਟ ਸਹਿਕਾਰੀ ਸਭਾ ਸਬੰਧੀ ਮੰਗੀ ਗਈ ਸੂਚਨਾ ਪ੍ਰਾਰਥੀ ਨੂੰ ਨਹੀਂ ਦਿੱਤੀ ਜਾ ਸਕਦੀ। ਅਪੀਲ ਦੀ ਸੁਣਵਾਈ ਵਾਸਤੇ ਅਗਲੀ ਮਿਤੀ : 21.11.2017 ਰੱਖਦੇ ਹੋਏ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਅੰਮ੍ਰਿਤਸਰ ਨੂੰ ਹਦਾਇਤ ਕੀਤੀ ਗਈ, ਕਿ ਪ੍ਰਾਰਥੀ ਵਲੋਂ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਅਨੁਸਾਰ ਮੰਗੀ ਗਈ ਸੂਚਨਾ, ਜੋ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਅੰਮ੍ਰਿਤਸਰ-1 ਦੇ ਦਫਤਰ ਨਾਲ ਸਬੰਧਤ ਹੈ, ਉਹ ਪ੍ਰਾਰਥੀ ਨੂੰ ਤੁਰੰਤ ਮੁਹੱਈਆ ਕਰਵਾਈ ਜਾਵੇ ਅਤੇ ਘੱਟੋ-ਘੱਟ ਸਹਾਇਕ ਪਬਲਿਕ ਇਨਫਰਮੇਸ਼ਨ ਅਫਸਰ ਰੈਂਕ ਦੇ ਅਧਿਕਾਰੀ ਰਾਹੀਂ ਸੁਣਵਾਈ ਦੀ ਅਗਲੀ ਮਿਤੀ 21.11.2017 ਨੂੰ ਇਸ ਨਾਲ ਸਬੰਧਤ ਰੀਕਾਰਡ ਪੇਸ਼ ਕਰਵਾਇਆ ਜਾਵੇ।

ਮਿਤੀ : 21.11.2017 ਨੂੰ ਅਪੀਲ ਦੀ ਸੁਣਵਾਈ ਦੌਰਾਨ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਅੰਮ੍ਰਿਤਸਰ-1 ਵਲੋਂ ਉਨ੍ਹਾਂ ਦੇ ਦਫਤਰ ਵਲੋਂ ਜਾਰੀ ਪੱਤਰ ਨੰ : ਸੁਪਰਡੈਂਟ/ ਏ.ਆਰ.ਅੰਮ੍ਰਿਤਸਰ-1/ 1813, ਮਿਤੀ : 20.11.2017 (ਜਿਸਦੀ ਕਾਪੀ ਅਪੀਲਕਰਤਾ/ ਪ੍ਰਾਰਥੀ ਨੂੰ ਵੀ ਕੀਤੀ ਗਈ ਹੈ) ਰਾਹੀਂ ਅਪੀਲਕਰਤਾ ਨੂੰ ਸਪਲਾਈ ਕੀਤੀ ਗਈ ਸੂਚਨਾ ਦੀ ਕਾਪੀ ਪੇਸ਼ ਕੀਤੀ ਗਈ। ਸਹਾਇਕ ਪਬਲਿਕ ਇਨਫਰਮੇਸ਼ਨ ਵਲੋਂ ਅਪੀਲਕਰਤਾ ਨੂੰ ਸਪਲਾਈ ਕਰਵਾਈ ਗਈ ਸੂਚਨਾ ਤੋਂ ਇਲਾਵਾ ਹੋਰ ਵੀ ਸੂਚਨਾ ਅਪੀਲਕਰਤਾ

.........3.........

ਨੂੰ ਸਪਲਾਈ ਕਰਵਾਈ ਜਾ ਸਕਦੀ ਸੀ। ਸੁਣਵਾਈ ਦੌਰਾਨ ਸਹਾਇਕ ਪਬਲਿਕ ਇਨਫਰਮੇਸ਼ਨ ਅਫਸਰ ਨੂੰ ਦੁਬਾਰਾ ਹਦਾਇਤ ਕੀਤੀ ਗਈ ਕਿ ਉਨ੍ਹਾਂ ਦੇ ਦਫਤਰ ਵਿੱਚ ਮੌਜੂਦ ਹੋਰ ਸੂਚਨਾ ਤੁਰੰਤ ਅਪੀਲਕਰਤਾ ਨੂੰ ਮੁਹੱਈਆ ਕਰਵਾਈ ਜਾਵੇ ਅਤੇ ਇਸ ਤੋਂ ਇਲਾਵਾ ਦੀ ਰੋਹਤਕ ਡਿਸਟ੍ਰਿਕ ਟਰਾਂਸਪੋਰਟ ਸਭਾ ਲਿਮ: ਨੂੰ ਵੀ ਹਦਾਇਤ ਕੀਤੀ ਗਈ ਕਿ ਪ੍ਰਾਰਥੀ ਵਲੋਂ ਸੂਚਨਾਂ ਲੈਣ ਵਾਸਤੇ ਦਿੱਤੀ ਗਈ ਦਰਖਾਸਤ (ਜੋ ਸਹਾਇਕ ਪਬਲਿਕ ਇਨਫਰਮੇਸ਼ਨ ਅਫਸਰ ਵਲੋਂ ਪਹਿਲਾਂ ਹੀ ਸਭਾ ਨੂੰ ਭੇਜੀ ਜਾ ਚੁੱਕੀ ਹੈ) ਅਨੁਸਾਰ ਸੂਚਨਾ ਸਹਾਇਕ ਰਜਿਸਟਰਾਰ (ਏ.ਪੀ.ਆਈ.ਓ.), ਸਹਿਕਾਰੀ ਸਭਾਵਾਂ, ਅੰਮ੍ਰਿਤਸਰ-1 ਦੇ ਦਫਤਰ ਨਾਲ ਸੰਪਰਕ ਕਰਕੇ ਤੁਰੰਤ ਪ੍ਰਾਰਥੀ ਨੂੰ ਮੁਹੱਈਆ ਕਰਵਾਈ ਜਾਵੇ ਅਤੇ ਮਿਤੀ : 01.12.2017 ਨੂੰ ਇਸ ਨਾਲ ਸਬੰਧਤ ਰੀਕਾਰਡ ਪੇਸ਼ ਕੀਤੀ ਜਾਵੇ।

ਮਿਤੀ : 01.12.2017 ਅਪੀਲ ਦੀ ਸੁਣਵਾਈ ਦੌਰਾਨ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਅੰਮ੍ਰਿਤਸਰ-1 ਦੇ ਦਫਤਰ ਵਲੋਂ ਹਾਜਰ ਆਏ ਸ੍ਰੀ ਗੁਰਮੇਲ ਸਿੰਘ, ਕਲਰਕ ਵਲੋਂ ਦੀ ਰੋਹਤਕ ਡਿਸਟ੍ਰਿਕ ਸਹਿਕਾਰੀ ਸਭਾ ਲਿਮ: ਵਲੋਂ ਉਨ੍ਹਾਂ ਦੇ ਪੱਤਰ ਨੰ : 66, ਮਿਤੀ : 25.11.2017 ਰਾਹੀਂ ਦਿੱਤਾ ਗਿਆ ਜਵਾਬ ਪੇਸ਼ ਕੀਤਾ ਗਿਆ। ਸਭਾ ਵਲੋਂ ਦਿੱਤੇ ਜਵਾਬ ਅਨੁਸਾਰ ਦੀ ਰੋਹਤਕ ਡਿਸਟ੍ਰਿਕਟ ਟਰਾਂਸਪੋਰਟ ਸਹਿਕਾਰੀ ਸਭਾ ਸੂਚਨਾ ਦੇ ਅਧਿਕਾਰ-2005 ਦੇ ਸੈਕਸ਼ਨ 2 (ਐਚ) ਅਧੀਨ ਕਵਰ ਨਹੀਂ ਹੁੰਦੀ। ਇਹ ਸਭਾ ਖੁੱਦ ਮੁਖਤਿਆਰ ਸਹਿਕਾਰੀ ਸਭਾ ਹੈ, ਜੋ ਕਿ ਪੰਜਾਬ ਸਹਿਕਾਰੀ ਸਭਾਵਾਂ ਐਕਟ 1961 ਅਧੀਨ ਰਜਿਸਟਰਡ ਹੈ ਅਤੇ ਸਭਾ ਵਿੱਚ ਕੋਈ ਸਰਕਾਰੀ ਫੰਡ ਨਹੀਂ ਹੈ। ਇਸ ਤੋਂ ਇਲਾਵਾ ਜਵਾਬ ਵਿੱਚ ਪੰਚਮ ਹਾਊਸ ਬਿਲਡਿੰਗ ਸਹਿਕਾਰੀ ਸਭਾ ਦੇ ਸਬੰਧ ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਐਲ.ਪੀ.ਏ.ਨੰ : 1210 ਆਫ 2011 ਅਤੇ ਐਲ.ਪੀ.ਐਚ.ਨੰ : 1621 ਆਫ 2011 ਅਤੇ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵਲੋਂ ਸਿਵਲ ਅਪੀਲ ਨੰਬਰ 9017 ਆਫ 2017 - ਥਲੱਪੱਮ ਸਹਿਕਾਰੀ ਬੈਂਕ ਲਿਮ: ਅਤੇ ਹੋਰ ਬਨਾਮ ਸਟੇਟ ਆਫ ਕੇਰਲਾ ਦੇ ਸਬੰਧ ਵਿੱਚ ਮਾਨਯੋਗ ਅਦਾਲਤ ਵਲੋਂ ਮਿਤੀ : 15.10.2013 ਨੂੰ ਦਿੱਤੇ ਗਏ ਫੈਸਲੇ ਦਾ ਹਵਾਲਾ ਦਿੰਦੇ ਹੋਏ ਲਿਖਿਆ ਗਿਆ ਹੈ ਕਿ ਸਹਿਕਾਰੀ ਸਭਾਵਾਂ ਸੂਚਨਾ ਦੇ ਅਧਿਕਾਰ-2005 ਦੇ ਦਾਇਰੇ ਵਿੱਚ ਨਹੀਂ ਆਉਂਦੀਆਂ ਅਤੇ ਸਹਿਕਾਰੀ ਸਭਾਵਾਂ ਉੱਪਰ ਸਰਕਾਰ ਦਾ ਸਿੱਧਾ ਜਾਂ ਅਸਿੱਧਾ ਨਿਯੰਤਰਣ ਨਹੀਂ ਹੈ। ਇਸ ਲਈ ਦੀ ਰੋਹਤਕ ਡਿਸਟ੍ਰਿਕਟ ਟਰਾਂਸਪੋਰਟ ਸਹਿਕਾਰੀ ਸਭਾ ਸਬੰਧੀ ਮੰਗੀ ਗਈ ਸੂਚਨਾ ਨਹੀਂ ਦਿੱਤੀ ਜਾ ਸਕਦੀ। ਇਸ ਤੋਂ ਇਲਾਵਾ ਸ੍ਰੀ ਗੁਰਮੇਲ ਸਿੰਘ, ਕਲਰਕ ਵਲੋਂ ਲਿਖਤੀ ਬਿਆਨ ਕੀਤਾ ਗਿਆ ਕਿ ਇਸ ਅਪੀਲ ਸਬੰਧੀ ਮਿਤੀ : 21.11.2017 ਨੂੰ ਕੀਤੇ ਗਏ ਹੁੱਕਮਾਂ ਦੀ ਪਾਲਣਾ ਵਿੱਚ ਪ੍ਰਾਰਥੀ ਵਲੋਂ ਦਿੱਤੀ ਗਈ ਦਰਖਾਸਤ ਅਨੁਸਾਰ ਮੰਗੀ ਗਈ ਸੂਚਨਾ ਵਿੱਚੋਂ ਦਫਤਰ ਵਿੱਚ ਮੌਜੂਦ ਸੂਚਨਾ ਪ੍ਰਾਰਥੀ ਨੂੰ ਡਲਿਵਰ ਕਰਵਾਉਣ ਹਿੱਤ ਪੇਸ਼ ਕਰਦਾ ਹਾਂ। ਮਿਤੀ : 01.12.2017 ਨੂੰ ਸੁਣਵਾਈ ਦੌਰਾਨ ਅਪੀਲਕਰਤਾ ਫਿਰ ਹਾਜਰ ਨਹੀਂ ਆਇਆ, ਜਿਸ ਕਾਰਨ ਉਸਨੂੰ ਇਹ ਸੂਚਨਾ ਮੁਹੱਈਆ ਨਹੀਂ ਕਰਵਾਈ ਜਾ ਸਕੀ। ਕਰਮਚਾਰੀ ਵਲੋਂ ਇਹ ਵੀ ਬਿਆਨ ਕੀਤਾ ਗਿਆ ਕਿ ਇਹ ਸਭਾ ਆਰ.ਟੀ.ਆਈ.ਐਕਟ-2005 ਦੇ ਸੈਕਸ਼ਨ 2(ਐਚ) ਤਹਿਤ ਕਵਰ ਨਹੀਂ ਹੁੰਦੀ, ਜਿਸ ਕਾਰਨ ਪ੍ਰਾਰਥੀ ਵਲੋਂ ਮੰਗੀ ਗਈ ਸੂਚਨਾ ਉਸਨੂੰ ਨਹੀਂ ਦਿੱਤੀ ਜਾ ਸਕਦੀ।

ਦੋਹਾਂ ਧਿਰਾਂ ਨੂੰ ਸੁਣਨ ਉਪਰੰਤ ਮੈਂ, ਇਸ ਸਿੱਟੇ ਤੇ ਪੰਹੁਚਿਆਂ ਹਾਂ ਕਿ ਸ੍ਰੀ ਕੁਲਦੀਪ ਸਿੰਘ, ਅਪੀਲਕਰਤਾ ਵਲੋਂ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਅਨੁਸਾਰ ਜੋ ਸੂਚਨਾ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਅੰਮ੍ਰਿਤਸਰ-1 ਦਫਤਰ ਵਿੱਚ ਉਪਲਬੱਧ ਸੀ, ਉਹ ਸੂਚਨਾ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ

.........4........

ਸਭਾਵਾਂ, ਅੰਮ੍ਰਿਤਸਰ-1 ਵਲੋਂ ਉਨ੍ਹਾਂ ਦੇ ਦਫਤਰ ਵਲੋਂ ਜਾਰੀ ਪੱਤਰ ਨੰ : ਸੁਪਰਡੈਂਟ/ ਏ.ਆਰ. ਅੰਮ੍ਰਿਤਸਰ-1 [illegible] ਮਿਤੀ : 20.11.2017 ਰਾਹੀਂ ਅਪੀਲਕਰਤਾ/ ਪ੍ਰਾਰਥੀ ਨੂੰ ਮੁਹੱਈਆ ਕਰਵਾਈ ਜਾ ਚੁੱਕੀ ਹੈ ਅਤੇ ਬਾਕੀ ਦੀ ਸੂਚਨਾ ਦੀ ਰੋਹਤਕ ਡਿਸਟ੍ਰਿਕਟ ਸਹਿਕਾਰੀ ਸਭਾ ਲਿਮ: ਨਾਲ ਸਬੰਧਤ ਹੈ। ਸਭਾ ਵਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਐਲ.ਪੀ.ਏ. ਨੰ : 1210 ਆਫ 2011 ਅਤੇ ਐਲ.ਪੀ.ਐਚ. ਨੰ : 1621 ਆਫ 2011 ਅਤੇ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵਲੋਂ ਸਿਵਲ ਅਪੀਲ ਨੰਬਰ 9017 ਆਫ 2017 - ਥਲੱਪੱਮ ਸਹਿਕਾਰੀ ਬੈਂਕ ਲਿਮ: ਅਤੇ ਹੋਰ ਬਨਾਮ ਸਟੇਟ ਆਫ ਕੇਰਲਾ ਦੇ ਸਬੰਧ ਵਿੱਚ ਮਾਨਯੋਗ ਅਦਾਲਤ ਵਲੋਂ ਮਿਤੀ : 15.10.2013 ਨੂੰ ਦਿੱਤੇ ਗਏ ਫੈਸਲੇ ਦਾ ਹਵਾਲਾ ਦਿੰਦੇ ਹੋਏ ਇਹ ਸੂਚਨਾ ਪ੍ਰਾਰਥੀ ਨੂੰ ਦੇਣ ਤੋਂ ਇਨਕਾਰ ਕੀਤਾ ਹੈ, ਜਿਸ ਕਾਰਨ ਇਹ ਸੂਚਨਾ ਪ੍ਰਾਰਥੀ ਨੂੰ ਮੁਹੱਈਆ ਨਹੀਂ ਕਰਵਾਈ ਜਾ ਸਕਦੀ। ਭਾਵੇਂ ਮਾਨਯੋਗ ਅਦਾਲਤਾਂ ਵਲੋਂ ਕੀਤੇ ਫੈਸਲਿਆਂ ਅਨੁਸਾਰ ਸਹਿਕਾਰੀ ਸਭਾਵਾਂ ਆਰ.ਟੀ.ਆਈ. ਐਕਟ-2005 ਤਹਿਤ ਸੂਚਨਾ ਦੇਣ ਲਈ ਪਾਬੰਦ ਨਹੀਂ ਹਨ, ਪਰੰਤੂ ਪ੍ਰਾਰਥੀ ਵਲੋਂ ਜਿੰਨ੍ਹਾਂ ਨੁਕਤਿਆਂ ਬਾਰੇ ਮੰਗੀ ਗਈ ਸੂਚਨਾ large public interest ਵਿੱਚ ਹੈ, ਉਹ ਸੂਚਨਾ ਅਪੀਲਕਰਤਾ ਨੂੰ ਉਪਲੱਬਧ ਕਰਾਉਣ ਵਾਸਤੇ ਸਹਾਇਕ ਰਜਿਸਟਰਾਰ (ਸਹਾਇਕ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਅੰਮ੍ਰਿਤਸਰ-1 ਵਲੋਂ ਕਾਨੂੰਨ ਅਨੁਸਾਰ ਕਾਰਵਾਈ ਕਰਨੀ ਬਣਦੀ ਹੈ। ਇਹ ਅਪੀਲ ਇਸ direction ਨਾਲ dispose off ਕੀਤੀ ਜਾਂਦੀ ਹੈ ਕਿ ਪ੍ਰਾਰਥੀ/ ਅਪੀਲਕਰਤਾ ਵਲੋਂ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਅਨੁਸਾਰ ਮੰਗੀ ਗਈ ਸੂਚਨਾ ਵਿੱਚੋਂ, ਜੋ ਸੂਚਨਾ large public interest ਵਿੱਚ ਹੈ, ਉਹ ਸੂਚਨਾ ਅਪੀਲਕਰਤਾ ਨੂੰ ਉਪਲੱਬਧ ਕਰਾਉਣ ਵਾਸਤੇ ਸਹਾਇਕ ਰਜਿਸਟਰਾਰ (ਸਹਾਇਕ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਅੰਮ੍ਰਿਤਸਰ-1 ਵਲੋਂ 15 ਦਿਨਾਂ ਅੰਦਰ ਕਾਨੂੰਨ ਅਨੁਸਾਰ ਕਾਰਵਾਈ ਕਰਕੇ ਰਿਪੋਰਟ ਇਸ ਦਫਤਰ ਨੂੰ ਭਿਜਵਾਈ ਜਾਵੇ। ਅਪੀਲ dispose off ਕੀਤੀ ਜਾਂਦੀ ਹੈ।

ਮਿਤੀ : 01.12.2017.

(signature)
(handwritten name)

(signature) (handwritten name)

ਪ੍ਰਥਮ-ਅਪੀਲ

ਸੇਵਾ ਵਿਖੇ

ਮਾਣਯੋਗ ਰਜਿਸਟਰਾਰ ਸਾਹਿਬ
ਸਹਿਕਾਰੀ ਸਭਾਵਾਂ ਚੰਡੀਗੜ੍ਹ (ਪੰਜਾਬ)

ਵਿਸ਼ਾ- ਮਿਤੀ 22-4-2017 ਨੂੰ ਭੇਜੇ ਗਏ ਪੱਤਰ ਅਤੇ ਆਰ.ਟੀ.ਆਈ. ਪੱਤਰ ਮਿਤੀ 14-6-2017 ਜਿਸ ਸੰਬੰਧ ਵਿੱਚ ਡਿਪਟੀ ਰਜਿਸਟਰਾਰ ਸਹਿਕਾਰੀ ਸਭਾਵਾਂ ਅੰਮ੍ਰਿਤਸਰ ਜਾਰੀ ਹੋਏ ਪੱਤਰ ਨੰਬਰ ਆਰ.ਟੀ./ਅੰਮ੍ਰਿਤਸਰ 1474 ਮਿਤੀ 30-5-2017 ਅਤੇ ਪੱਤਰ ਨੰਬਰ ਟੀ/ਆਰ ਅੰਮ੍ਰਿਤਸਰ 267 ਮਿਤੀ 21-8-2017 ਦੇ ਸਬੰਧ ਪ੍ਰਥਮ ਅਪੀਲ।

ਸ੍ਰੀਮਾਨ ਜੀ, ਬੇਨਤੀ ਹੈ, ਕਿ ਸਾਇਲ ਨੇ ਪੱਤਰ ਰਜਿ. ਮਿਤੀ 25/4/2017 ਨੂੰ ਡਿਪਟੀ ਰਜਿਸਟਰਾਰ ਸਹਿਕਾਰੀ ਸਭਾਵਾਂ ਅੰਮ੍ਰਿਤਸਰ ਅਤੇ ਪੱਤਰ ਰਜਿ. ਮਿਤੀ 14/6/17 ਨੂੰ ਰਜਿਸਟਰਾਰ ਸਹਿਕਾਰੀ ਸਭਾਵਾਂ ਚੰਡੀਗੜ੍ਹ (ਪੰਜਾਬ) ਨੂੰ ਭੇਜਕੇ ਸੂਚਨਾ ਦੇ ਅਧਿਕਾਰ ਅਧਿਨਿਯਮ 2005 ਦੇ ਅੰਤਰਗਤ ਜਾਣਕਾਰੀ ਮੰਗੀ ਸੀ, ਜੋ ਕੀ ਪੱਤਰ ਅਨੁਸਾਰ ਅੱਜ ਤੱਕ ਵੀ ਜਾਣਕਾਰੀ ਦੇਣ ਹਿਤ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ। ਸਾਇਲ ਨੂੰ ਜਾਣਕਾਰੀ ਡਿਪਟੀ ਰਜਿਸਟਰਾਰ ਸਹਿਕਾਰੀ ਸਭਾਵਾਂ ਅੰਮ੍ਰਿਤਸਰ ਵਲੋਂ ਮਿਤੀ 30/5/ ਪੱਤਰ ਨੰਬਰ ਟੀ/ਆਰ ਅੰਮ੍ਰਿਤਸਰ 1474 ਮਿਤੀ 21/8/2017 ਪੱਤਰ ਨੰਬਰ ਟੀ/ਆਰ ਅੰਮ੍ਰਿ. 267 ਵਿੱਚ ਦਿੱਤਾ ਹੈ, ਉਸ ਨਾਲ ਸਾਇਲ ਸੰਤੁਸ਼ਟ ਨਹੀਂ ਹੈ, ਕਿਉਂ ਹੈ, ਕਿਉਂਕਿ ਇਸ ਵਿੱਚ ਜੋ ਮੰਗੀ ਗਈ ਆਰ.ਟੀ.ਆਈ. ਦੇ ਦਾਇਰੇ ਵਿੱਚ ਨਹੀਂ ਆਉਂਦੀ, ਆਪਣੀ ਮਰਜ਼ੀ ਮੁਤਾਬਿਕ ਜਾਣਕਾਰੀ ਨਹੀਂ ਦਿੱਤੀ ਜਾ ਰਹੀ ਹੈ ਅਤੇ ਜਿਸਦੀ ਟਾਲ ਮਟੋਲ ਕਰਕੇ ਕਾਨੂੰਨ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ, ਅਤੇ ਆਰ.ਟੀ.ਆਈ. ਦੇ ਅੰਤਰਗਤ ਮੰਗੀ ਗਈ ਜਾਣਕਾਰੀ ਦਿੱਤੇ ਜਾਣ ਹਿਤ ਸਬੰਧਤ ਦਫ਼ਤਰ ਰਜਿਸਟਰਾਰ ਦਫ਼ਤਰ ਅੰਮ੍ਰਿਤਸਰ ਦੀ ਹੈ। ਜੋ ਸਾਇਲ ਜਾਣਕਾਰੀ ਲਿਖਤ ਰੂਪ ਸੂਚਨਾ ਦੇ ਅੰਤਰਗਤ ਨਹੀਂ ਆਉਂਦੀ ਹੈ। ਇਸ ਲਈ ਸਾਇਲ ਪ੍ਰਥਮ ਅਪੀਲ ਰਾਹੀਂ ਮੰਗ ਕਰਦਾ ਹੈ ਕਿ ਸਾਇਲ ਨੂੰ ਆਰ.ਟੀ.ਆਈ. ਐਕਟ 2005 ਦੇ ਅੰਤਰਗਤ ਨਿਯਮਾਂ ਅਨੁਸਾਰ ਜਾਣਕਾਰੀ ਦਿੱਤੀ ਜਾਵੇ, ਸਾਇਲ ਡਿਪਟੀ ਰਜਿਸਟਰਾਰ ਸਹਿਕਾਰੀ ਸਭਾਵਾਂ ਅੰਮ੍ਰਿਤਸਰ ਵਲੋਂ ਭੇਜੇ ਗਏ ਪੱਤਰਾਂ ਨੂੰ ਰੱਦ ਕੀਤਾ ਜਾਵੇ ਅਤੇ ਜੋ ਪੱਤਰ ਅਨੁਸਾਰ 1 ਤੋਂ 22 ਪੁਆਇੰਟਾਂ ਦੀ ਜਾਣਕਾਰੀ ਦੇਣ ਹਿਤ ਕਾਰਵਾਈ ਕਰਵਾਈ ਜਾਵੇ।

ਧੰਨਵਾਦ ਸਹਿਤ

ਮਿਤੀ 15/09/2017

ਨਵਦੀਪ ਸਿੰਘ ਪੁੱਤਰ ਹਰਚੰਦ ਸਿੰਘ
40 ਗਲੀ ਨੰਬਰ 3 ... ਕਲੋਨੀ
... ਨੇੜੇ ...
ਜ਼ਿਲ੍ਹਾ ਗੁਰਦਾਸਪੁਰ - 143602 (ਪੰਜਾਬ)
ਮੋ. ਨੰਬਰ 98151-17328

ਦਫ਼ਤਰ ਸੰਯੁਕਤ ਰਜਿਸਟਰਾਰ
ਸਹਿਕਾਰੀ ਸਭਾਵਾਂ, ... ਪੰਜਾਬ
2017
ਪ੍ਰਾਪਤੀ ਨੰਬਰ 2164
25/9/17